ਰੀ
ਸਾਂ



ਰੀਸਾਂ

ਬਰਖਾਰਾਮ

ਪ੍ਰਕਾਸ਼ਕ:--
ਬਰਖਾਰਾਮ ਅਗੱਰਵਾਲ
ਕੋਟ ਮੁਹੰਮਦ ਸ਼ਾਹ
ਅੰਮ੍ਰਿਤਸਰ

ਪਹਿਲੀ ਵਾਰ
ਜੂਨ ੧੯੪੪
ਮੁਲ ੧-੫-੩

ਪ੍ਰਿੰਟਰ:-ਸ੍ਰ: ਸੁੰਦਰ ਸਿੰਘ
ਸੁੰਦਰ ਪ੍ਰਿੰਟਿੰਗ ਪ੍ਰੈਸ
ਬਜ਼ਾਰ ਮਾਈ ਸੇਵਾਂ
ਅੰਮ੍ਰਿਤਸਰ

ਉਸ ਅੱਲੜ੍ਹ ਪਿਆਰ ਨੂੰ:—

ਜਿਹਦੀ ਇੱਕ ਚਿੰਗਾੜੀ
ਮੈਨੂੰ ਜਗਮਗਾ ਗਈ
ਤੇ- —
"ਉਡੀਕ" ਦੀ ਇੱਕ ਅਮਿੱਟ
ਲਕੀਰ ਜੇਹੀ ਪਾ ਗਈ ।

ਥਾਂ ਟਿਕਾਣਾ

ਪਰਵੇਸ਼

"ਬਰਖਾ ਜੀ" ਛੋਟੀਆਂ ਕਵਿਤਾਵਾਂ ਦੇ ਕਵੀ ਹਨ, ਪਰ ਜਦ ਕਦੇ ਲੰਮੀ ਕਵਿਤਾ ਲਿਖਣ, ਤਾਂ ਉਸਦੇ ਹਰ ਬੰਦ ਵਿੱਚ ਨਵੀਂ ਉਡਾਣ ਹੁੰਦੀ ਹੈ। ਹਰ ਉਡਾਰੀ ਸਾਨੂੰ ਉੱਚਾ ਤੇ ਉਚੇਰਾ ਲੈ ਜਾਂਦੀ ਹੈ। ਇਨ੍ਹਾਂ ਦੀ ਮਹੀਨ ਕਲਮ ਜਦ ਵਹਿ ਨਿਕਲੇ, ਤਾਂ ਇਨ੍ਹਾਂ ਦੇ ਦਿਲ ਦੀ ਧੱਕ ਧੱਕ ਸਾਫ ਸਾਫ ਸੁਣੀਂਦੀ ਹੈ। ਇੰਜ ਭਾਸਦਾ ਹੈ ਕਿ ਯਾਦਾਂ ਨੇ ਤੁਫਾਨ ਲੈ ਆਂਦਾ ਹੈ, ਖਿਆਲਾਂ ਦਾ ਹੜ੍ਹ ਆ ਗਿਆ ਹੈ।

ਅਜੇਹੀ ਹਾਲਤ ਵਿੱਚ "ਪ੍ਰੀਤਮ" ਤੋਂ ਉਰੇ ਮੁਕਾਮ ਮਿਲਣਾ ਮੁਹਾਲ, ਨਦੀ ਸੌ ਜ਼ਫਰ ਜਾਲਦੀ ਆਖਰ ਸਮੁੰਦਰ ਵਿੱਚ ਮਿਲ ਹੀ ਅਭੇਦ ਹੋ ਸਕਦੀ ਹੈ, ਰਸਤੇ ਵਿੱਚ ਮੁੱਕ ਬੇਸ਼ਕ ਜਾਵੇ ਪਰ ਇਹ ਨਹੀਂ ਹੋ ਸਕਦਾ ਕਿ ਵਗੇ ਵੀ ਤੇ ਰਹੇ ਵੀ ਸਮੁੰਦਰ ਤੋਂ ਦੂਰ। ੬੮ ਸਫੇ ਤੇ ਲਿਖਦੇ ਹਨ:–

"ਠੀਕ ਹੈ ਇਹ ਤਾਂ:--
ਪ੍ਰਾਣ ਮੇਰੇ ਨੇ
ਯਾਦ ਤੁਸਾਡੀ" ....

ਮੇਰੇ "ਪ੍ਰਾਣ" ਤੁਹਾਡੀ ' ਯਾਦ" ਹੀ ਤਾਂ ਹਨ।

ਪਰ:--

"ਇਹ ਸਦਾ ਬ੍ਰਿਕਲ ਨੇ ਰਹਿੰਦੇ,
ਏਸ ਦੇਹੀ ਵਿੱਚ, ਏਸ ਜਿਸਮ ਵਿੱਚ,
ਕਾਹਲੇ ਪਏ ਨੇ,
ਚਾਹੁੰਦੇ ਨੇ ਉਡਣਾ,
ਪਿੰਜਰੇ ਦੇ ਕਿਸੇ ਪੰਛੀ ਵਾਂਗੂ
ਕਤਲ ਦੇ ਕਿਸੇ ਕੈਦੀ ਵਾਂਗੂ,..........

ਵਿਆਕਲਤਾ, ਤੀਬਰ ਤੇ ਤੀਖਣ, ਆਪਣੇ ਵੇਗ ਵਿੱਚ। ਕਾਹਦੇ ਲਈ ਤੇ ਕਿਸ ਪਿੱਛੇ ਇਹ ਵਿਆਕਲਤਾ, ਇਹ ਤੜਪ ?

ਨਦੀ ਦੀ ਸਮੁੰਦਰ ਨਾਲ ਅਭੇਦ ਹੋਣ ਦੀ ਤੀਬਰਤਾ ਤੇ ਪ੍ਰੇਮੀ ਦੀ ਆਪਣੇ "ਮਾਹੀ" ਨਾਲ "ਇੱਕ-ਮਿੱਕ" ਹੋਣ ਦੀ ਲਗਨ, "ਸਦੀਵ ਲਗਨ" ਦੇ ਦੋ ਰੂਪ ਹਨ। ਕਵੀ ਜੀ ਆਖਦੇ ਹਨ:--

"ਸਜਣਾਂ !
ਸਦ ਹੀ ਲੈ,
ਫਿਰ ਪਾਸ ਇਨ੍ਹਾਂ ਨੂੰ,
ਨਾ ਇਹ ਤੜਫਣ,
ਨਾ ਇਹ ਵਿਲਕਣ,
ਨਾ ਇਹ ਰੋਵਣ,
ਨਾ ਕੁਰਲਾਵਣ"..............

ਹਾਂ, ਫਿਰ ਆਪਣੇ ਪਾਸ ਹੀ ਸੱਦ ਲੈ ਤਾਂ ਕਿ ਆਪਣੇ ਅਸਲ ਟਿਕਾਣੇ ਪਹੁੰਚ ਜਾਣ ਇਹ ਪ੍ਰਾਣ, ਤੇ:—

"ਫਿਰਨ ਨਾ ਭੌਂਦੇ,
ਕਿਤੇ ਐਵੇਂ ਕੇਵੇਂ।" (ਸਫਾ ੬੮)

ਦਰਿਆ ਨੂੰ ਕੁੱਜੇ ਵਿੱਚ ਬੰਦ ਕਰਨ ਦੇ ਤਾਂ ਆਪ ਮਾਹਿਰ ਹਨ:-

"ਜੇ ਨਾ ਹੁੰਦਾ ਸੁਫ਼ਨਾ ਜੱਗ ਵਿੱਚ,
ਕਿਵੇਂ ਹੁੰਦਾ ਮੇਲ ਪੀਆ ਦਾ,
ਤਾਰੇ ਗਿਣਦਿਆਂ ਰਾਤ ਲੰਘ ਜਾਂਦੀ,
ਕਿਸ ਪਿੱਛੇ ਕੋਈ ਸੌਂਦਾ ?" (ਸਫਾ ੪੫)

ਪੀਆ ਮਿਲਾਪ ਦੀ ਮਰਹਮ—ਵਿਜੋਗੀ ਦਾ ਸੁਫਨਾ—ਜੇ ਨਾਂ ਹੁੰਦਾ ਜੱਗ ਵਿੱਚ ਤਾਂ ਵਿਜੋਗੀ ਦੇ ਉਨੀਂਦਰੇ ਨੈਣ ਹਮੇਸ਼ਾਂ ਲਈ ਉਨੀਂਦਰੇ ਹੀ ਰਹਿੰਦੇ। ਵਿਜੋਗੀ ਦੇ ਦਿਲ ਦੀਆਂ ਚੀਸਾਂ-ਦੁਨੀਆਂ ਭਰ ਦਾ ਦਰਦਾਬੰਦ ਹੈ ਇਹਨਾਂ ਚਾਰ ਲਾਈਨਾਂ ਵਿੱਚ।

ਪ੍ਰੇਮੀ ਦਾ ਆਪਾ—ਅਰਪਣ ਦੱਸਦੇ ਹੋਏ ਲਿਖਿਆ ਹੈ:—

"ਮੈਂ ਜਾਤਾ ਸੀ ਉਹ ਮੇਰਾ ਏ,
ਜਿਸਦਾ ਮਨ ਮੇਰੇ ਵਿੱਚ ਡੇਰਾ ਏ,
ਇਹ ਜਾਣ ਆਪਣੇ ਸਾਰੇ ਸੁਖ,
ਮੈਂ ਉਸ ਦੀ ਭੇਟ ਚੜ੍ਹਾ ਦਿਤੇ।" (ਸਫਾ ੫੪)

ਪਰ ਮਾਹੀ ਦੀ ਬੇਪਰਵਾਹੀ ਦਾ ਵੀ ਕੋਈ ਟਿਕਾਣਾ ਨਹੀਂ, ਕੇਹਾ ਅਨੋਖਾ ਇਵਜ਼ਾਨਾ ਮਿਲਦਾ ਹੈ ਇਸ ਆਪਾ ਲੁਟਾਣ ਦਾ; ਪ੍ਰੇਮੀ ਬਾਗ ਹਵਾਲੇ ਕਰਦਾ ਹੈ.ਇਸ ਵਿਸ਼ਵਾਸ ਤੇ ਕਿ "ਉਹ ਮੇਰਾ ਹੈ" ਤੇ ਬੇਪਰਵਾਹ ਮਾਹੀ ਕੇਹੀ ਉਦਾਰ-ਦਿਲੀ ਨਾਲ ਉਹਦੀ ਝੋਲੀ ਭਰ ਦੇਂਦਾ ਹੈ । ਕਾਹਦੇ ਨਾਲ ?

"ਪਲੜੇ ਵਿੱਚ ਹੌਕੇ ਪਾ ਦਿਤੇ?"

"ਬਰਖਾ" ਜੀ ਦੀ ਪਿਆਸ ਅਮਿੱਟ ਹੈ । ਪ੍ਰੇਮੀ ਦੀ ਪਿਆਸ ਅਜੇਹੀ ਹੀ ਹੁੰਦੀ ਹੈ । ਸਾਕੀ ਨੂੰ ਆਖਦੇ ਹਨ, ਪਿਆਂਦਾ ਜਾ, ਥੱਕ ਨਾਂ, ਮੈਂ ਅੱਕਦਾ ਨਹੀਂ":-

"ਨਾ ਤੂੰ ਥੱਕੇਂ,
ਨਾ ਮੈਂ ਅੱਕਾਂ

ਪਿਆਸ ਨਾਂ ਕਦੇ ਬੁਝੇ !" (ਸਫਾ ੬੨)

ਫਿਰ ਕਿਸੇ ਘੜੀ ਕਵੀ ਦੇ ਮਨਦੇ ਕਿਸੇ ਕੋਨੇ ਵਿੱਚ ਲੁਕੀ ਛੁਪੀ ਡਰਾਕਲਤਾ ਕਵਿ-ਅੱਖਾਂ ਸਾਹਵੇਂ ਬਿਜਲੀ ਜਿਉਂ ਲਿਸ਼ਕ ਜਾਂਦੀ ਹੈ, ਕਵੀ ਜੱਗ-ਮੇਹਣੇ ਤੋਂ ਡਰ ਜਾਂਦਾ ਹੈ, ਕਹਿ ਉਠਦਾ ਹੈ:-

"ਇਕ ਗੱਲ ਪੀਆ ਮੰਨੋ ਮੇਰੀ,
ਸੁਫਨੇ ਦੇ ਵਿੱਚ ਔਣਾ,
ਨਾ ਕੋਈ ਵੇਖੇ, ਮੇਹਣਾ ਮਾਰੇ,
ਨਾ ਪਏ ਪਛਤਾਉਂਣਾ ।" (ਸਫਾ ੪੧)

ਪਰ ਨਾਲ ਹੀ ਪਿਆਰ–ਮਿਠਾਸ ਕਵੀ ਦੇ ਮਨ ਨੂੰ ਬੇਹਬਲ ਕਰ ਦੇਂਦੀ ਹੈ, ਉਹ ਉੱਚਾ ਉਠ ਜਾਂਦਾ ਹੈ। "ਸਦੀਵੀ ਫਰ ਫਰਾਹਦ" ਉਹਨੂੰ ਉੱਚ ਉਡਾਰੀਆਂ 'ਚ ਲੈ ਉਡਦੀ ਹੈ। ਅਗਲੇ ਪਲ ਹੀ ਕਹਿ ਉਠਦਾ ਹੈ ਕਵੀ:-

"ਤੇਰਾ ਪਿਆਰ ਹੈ ਐਨਾ ਮਿੱਠਾ
ਲੋਕੀਂ ਦੇਂਦੇ ਕੌੜੇ ਤਾਹਨੇ,
ਸਾਨੂੰ ਉਹ ਵੀ ਮਿੱਠੇ ਲੱਗਣ।" (ਸਫਾ ੪੨)

ਪਿਆਰ ਦੀ–"ਸਦੀਵ ਭਾਲ," ਅਟੁਟ ਲਗਣ ਤੇ ਅਮੁੱਕ ਆਸ ਦਾ ਪਰਤੌ ਹੈ ਇਨ੍ਹਾਂ ਦੀ ਕਵਿਤਾ.

"ਮੈਂ ਤੇਰੀ ਆਂ" (ਸਫਾ ੨੮)

ਇਸ ਸਦੀਵ–ਪਿਆਰ ਵਿੱਚ ਗੜੂੰਦ ਕਵੀ ਜੀ ਨੂੰ ਮੈਂ ਵਧਾਈ ਦੇਂਦਾ ਹਾਂ ਕਿ ਉਨ੍ਹਾਂ ਏਹ ਸੁਹਾਣਾ ਗੁਲਦਸਤਾ, ਜਿਸਦਾ ਹਰ ਫੁੱਲ ਹਰ ਪੱਤੀ ਹਰ ਡਾਲੀ. ਖ਼ੁਸ਼ਬੂ ਲੱਦੀ ਹੈ, ਸਾਨੂੰ ਦਿਤਾ ਹੈ। ਉਨ੍ਹਾਂ ਦੇ ਆਪਣੇ ਹੀ ਸ਼ਬਦਾਂ ਵਿੱਚ:–

'ਨੈਣਾਂ ਦੀ ਰੱਤ ਚੋ ਚੋ ਮਾਹੀ
ਕੋਮਲ ਬੂਟੇ ਨੇ ਮੈਂ ਲਾਏ।" (ਸਫਾ ੧੭)

ਸੱਚ ਮੁੱਚ ਡਾਢੀਆਂ ਨਰਮ ਤੇ ਨਾਜ਼ਕ ਨੇ ਇਹ ਤ੍ਰੇਲ ਭਿੰਨੀਆਂ ਫੁੱਲ–ਪੱਤੀਆਂ ਤੇ ਡਾਢੇ ਲਚਕ ਦਾਰ ਨੇ ਏਹ ਬੂਟੇ। ਰਸੀਆਂ ਨੂੰ ਕਵੀ ਦੀ ਜ਼ਬਾਨੀ ਹੀ ਕਹਿਣਾ ਚਾਹੁੰਦਾ ਹਾਂ:–

ਵੇਖੀਂ ਅੱਖ ਨਾ ਗਹਿਰੀ ਕਰਕੇ,
ਬਾਗ਼ ਬਗੀਚਾ ਮਤ ਸੜ ਜਾਏ।" (ਸਫਾ ੧੭)

ਅੰਮ੍ਰਿਤਸਰ ਡਾਕਟਰ ਗੁਰਬਖਸ਼ ਸਿੰਘ
੧੬–੫–੪੪

ਪ੍ਰਸ਼ੰਸਾ ਪੱਤਰ

ਵਲੋਂ: ਪ੍ਰੋਫੈਸਰ ਵਿਦਿਆ ਸਾਗਰ ਸਾਹਿਬ ਐਮ.ਐਸ.ਸੀ.
ਖ਼ਾਲਸਾ ਕਾਲਜ ਅੰਮ੍ਰਿਤਸਰ

I have gone through the manuscript of Poem's entitled "CHEESAN" by Barkha Ram Aggarwal. It is a nice addition to the Punjabi literature and as such is most welcome.

(2) The Poems individually are short, pithy, sayings expressive of one simple thought. Most of them describe the state of mind of a lover with unresponding love. The young poet seems to be effected on various occasions and has very successfully depicted the images of his personal emotins. At least, even though the personal experiance of the poet may not be so much accredited (while considering his young age), I can say without fear of being contradicted, that the ideas depicted represent the actual state of mind of a disappointed lover. How the poet has been able to arrive at these conclusions remains yet to be seen

(3) The language in which his thoughts are couched deserves credit when we consider that it is his first attempt in the field of Punjabi literature and that his previous attempts have all been in Hindi. I have great hopes in him.

Khalsa College,
Amritsar
18-5-44

Vidya Sagar M. Sc.

ਕੁਝ ਆਪਣੇ ਵਲੋਂ

ਮੇਰੇ ਦਿਲ ਵਿਚ ਪੰਜਾਬੀ ਦੇ ਪਿਆਰ ਦਾ ਬੂਟਾ ਮੇਰੇ ਹਿੰਦੀ ਪ੍ਰਭਾਕਰ (Hindi Hons) ਦੇ ਇਮਤਿਹਾਨ ਤੋਂ ਚੌਦਾ ਕੁ ਘੰਟੇ ਪਹਿਲੇ ੧੯੪੪ ਮਈ ਦੀ ਪਹਿਲੀ ਸ਼ਾਮ ਨੂੰ ਪੁੰਗਰਿਆ ਸੀ। ਏਹ ਉਹਦਾ ਅਠਾਰਾਂ ਦਿਨਾਂ ਦਾ ਹੀ ਫਲ ਹੈ, ਜਿਸ ਨੂੰ ਕਿ ਮੈਂ ਪੰਜਾਬੀ ਜਗਤ ਦੇ ਚਰਨਾਂ ਵਿਚ ਰੱਖਣ ਦਾ ਸਾਹਿਸ ਕੀਤਾ ਹੈ।

ਮੇਰੀ ਲੇਖਣੀ ਅੱਜ ਕਲ ਦੇ ਸਾਹਿੱਤ ਤੋਂ ਪ੍ਰਭਾਵਿਤ ਅਵੱਸ਼ ਹੋਈ ਹੈ ਪਰੰਤੂ ਉਸ ਨੇ ਕਿਸੇ ਦਾ ਅਨੁਕਰਣ ਨਹੀਂ ਕੀਤਾ। ਇਹ ਉਸ ਦਾ ਆਪਣਾ ਸਾਹਿਸ ਤੇ ਆਪਣੀ ਹਿੰਮਤ ਹੈ।

ਏਨੇ ਥੋੜੇ ਜਹੇ ਸਮੇਂ ਵਿੱਚ ਇਨ੍ਹਾਂ ਮੇਰੀਆਂ ਟੁੱਟੀਆਂ ਫੁੱਟੀਆਂ ਕਵਿਤਾਵਾਂ ਨੂੰ ਪੁਸਤਕ ਰੂਪ ਵਿੱਚ ਲਿਆਉਣ ਦਾ ਸੇਹਰਾ ਮੇਰੇ ਪਰਮ ਮਿਤਰ ਡਾਕਟਰ ਗੁਰਬਖਸ਼ ਸਿੰਘ ਜੀ ਤੇ ਮਾਸਟਰ ਬੂਆ ਦਾਸ ਜੀ 'ਪ੍ਰੇਮੀ' ਹੋਰਾਂ ਦੇ ਸਿਰ ਹੈ, ਜਿਨ੍ਹਾਂ ਕਿ ਆਪਣਾ ਅਮੋਲਕ ਸਮਾਂ ਦੇਕੇ ਇਨ੍ਹਾਂ 'ਚੀਸਾਂ'' ਨੂੰ ਸ਼ਿੰਗਾਰਿਆ ਹੈ। ਮੈਂ ਉਨ੍ਹਾਂ ਦਾ ਜਿੰਨਾਂ ਵੀ ਧੰਨਵਾਦ ਕਰਾਂ

ਥੋੜਾ ਹੈ। ਹਾਂ, ਮੈਂ ਡਾਕਟਰ ਗੁਰਬਖਸ਼ ਸਿੰਘ ਜੀ ਦਾ ਤਾਂ ਵਿਸ਼ੇਸ਼ ਧੰਨਵਾਦੀ ਹਾਂ ਜਿਨ੍ਹਾਂ ਦੀ ਕ੍ਰਿਪਾ ਨਾਲ ਮੈਨੂੰ ਪਰੂਫ ਦੇਖਣ ਦਾ ਵੀ ਕਸ਼ਟ ਸਹਿਣ ਨਹੀਂ ਕਰਨਾ ਪਿਆ।

ਸ੍ਰੀ ਮਾਨ ਪ੍ਰੋਫੈਸਰ ਵਿਦਿਆ ਸਾਗਰ ਜੀ ਨੇ ਮੇਰੀਆਂ ਕਵਿਤਾਵਾਂ ਦਾ ਖਰੜਾ ਪੜ੍ਹਕੇ, ਪ੍ਰਸੰਸਾ ਪਤ੍ਰ ਲਿਖ, ਮੈਨੂੰ ਬੜਾ ਉਤਸ਼ਾਹਿਤ ਕੀਤਾ ਹੈ। ਮੈਂ ਉਨ੍ਹਾਂ ਦਾ ਹਾਰਦਿਕ ਧੰਨਵਾਦੀ ਹਾਂ।

ਮੇਰੀਆਂ ਇਹ ਚੀਸਾਂ ਪੰਜਾਬੀ ਸਾਹਿਤ 'ਚ ਕੁਝ ਅਸਥਾਨ ਪ੍ਰਾਪਤ ਕਰ ਸਕਣਗੀਆਂ ਕਿ ਨਹੀਂ, ਪੰਜਾਬੀ ਜਗਤ ਇਨ੍ਹਾਂ ਨੂੰ ਅਪਨਾਏਗਾ ਕਿ ਨਹੀਂ, ਇਹਦੀ ਮੈਨੂੰ ਕੋਈ ਚਿੰਤਾ ਨਹੀਂ। ਇਸਦਾ ਨਿਰਨਾ ਸਮੇਂ ਨੇ ਕਰਨਾ ਹੈ, ਉਹ ਜਾਣੇ ਤੇ ਉਹਦਾ ਕੰਮ।

ਅੰਮ੍ਰਿਤਸਰ, 'ਬਰਖਾ ਰਾਮ, ਅਗੱਰਵਾਲ'
੧੮ ਮੱਈ, ੧੯੪੪ ਹਿੰਦੀ ਪ੍ਰਭਾਕਰ

ਵਿਧਾਂ

ਗ਼ਲਤੀਆਂ

	ਅਸ਼ੁੱਧ	ਸ਼ੁੱਧ
ਸਫਾ ੪੮	ਵੜਦਿਆਂ	ਸੜਦਿਆਂ
,, ੭੯	ਟੱਤੇ	ਤੱਤੇ
,, ੮੯	ਕਰਾਂ	ਕਰਾ

ਸਫਾ ੮੬ ਅਤੇ ੮੭ ਦੀ ਕਵਿਤਾ ਇੱਕੋ ਹੈ

ਕੋਮਲ ਬੂਟੇ

ਨੈਣਾਂ ਦੀ ਰੱਤ ਚੋ ਚੋ ਮਾਹੀ,
ਕੋਮਲ ਬੂਟੇ ਨੇ ਮੈਂ ਲਾਏ;
ਵੇਖੀਂ ਅੱਖ ਨਾ ਗਹਿਰੀ ਕਰਕੇ,
ਬਾਗ਼ ਬਗ਼ੀਚਾ ਮਤ ਸੜ ਜਾਏ।

ਮੈਂ ਤਾਂ ਕੇਵਲ ਵੇਖਿਆ ਈ ਸੀ,
ਦੂਰ ਦੁਰੇਡਿਓਂ ਉਹ ਵੀ ਲੁਕ ਕੇ,
ਖਬਰੇ ਕਿੱਦਾਂ ? ਖਬਰੇ ਕਿਵੇਂ ?
ਲੈ ਗਏ ਮੇਰਾ ਸਭ ਕੁਝ ਲੁੱਟ ਕੇ।

ਬੇ ਸਬਰੇ ਨੈਣ

ਵੇ ਬੇ-ਸਬਰਿਓ!
ਉਦੋਂ ਹੀ ਘੱਟ ਪੀਂਦੇ,
ਤਾਂ:-
ਹੁਣ ਕਿਉਂ ਮਰਦੇ ਤਿਹਾਏ ।

ਉਦੋਂ ਤਾਂ ਮੈਂ ਰੋਕ ਰਹੀ ਸਾਂ–
ਲੱਗੇ ਮੂਲ ਨਾ ਆਖੇ,
ਹੁਣ ਮੈਂ ਕੀ ਕਰਾਂ ਵੇ ਨੈਣਾ ?
ਰੋਵੇ ਬੈਠੇ ਆਪੇ ।

ਇਨ੍ਹਾਂ ਅੱਖੀਆਂ ਮੈਂਨੂੰ ਕੇਹਾ ਸਤਾਇਆ,–
ਜਲ ਵਿੱਚ ਡੁੱਬੀਆਂ ਰਹਿਣ ਹਮੇਸ਼ਾਂ,
ਅਜੇ ਵੀ ਕਹਿਣ, "ਤਿਹਾਈਆਂ।"

Very Good yaar

ਅੱਖੀਆਂ ਦੇ ਮੋਤੀ

ਇਹ ਅੱਖੀਆਂ ਦੇ ਅਣਵਿਧ ਮੋਤੀ,
ਆਬ ਵਿਛੋੜੇ ਦੀ ਜੱਦ ਪਾਵਣ,
ਫੁੱਲਾਂ ਨਾਲੋਂ ਜ਼ਿਆਦਾ ਮਹਿਕਣ;
ਸੂਰਜ ਨਾਲੋਂ ਜ਼ਿਆਦਾ ਚਮਕਣ ।

ਜਿਨ੍ਹਾਂ ਪੀਤਾ ਏ ਅੱਖਾਂ ਦਾ ਪਾਣੀ
ਉਨ੍ਹਾਂ ਦੇ ਸਾਹਮਣੇ ''ਅੰਮ੍ਰਿਤ'' ਕੀ ਏ?

ਅੱਖੀਓ ਨੀ, ਖੂਬ ਵਹਾਉ ਪਾਣੀ,
ਕੁਝ ਤਾਂ ਵਿਜੋਗ ਦੀ ਅੱਗ ਨੂੰ ਘਟਾਉ।

ਪਲਕ ਨਾ ਖੋਲ੍ਹਾਂ ਨੈਂਣ

ਪਲਕ ਨਾ ਪੱਲਕਾਂ ਲੱਗ ਸਕਨ,
ਪਲਕ ਨਾ ਆਵੇ ਚੈਨ;
ਇੱਕ ਪਲਕ ਜੇ ਪੀ ਮਿਲੇ,
ਪਲਕ ਨਾ ਖੋਲ੍ਹਾਂ ਨੈਂਣ।

ਅਣਵਿਧ ਮੋਤੀ ਕਿਸੇ ਦੇ,
ਤੱਕ ਬੈਠਾ ਮੈਂ ਭੁੱਲ ਕੇ,
ਕੀ ਜਾਣਦਾ ਸਾਂ–
ਮੇਰਾ ਹੀ ਮਨ ਮੋਹ ਲੈਣਗੇ,
ਮੇਰੇ ਹੀ ਅੱਗੇ ਡੁੱਲ੍ਹ ਕੇ ?

....

ਹਾਏ ! ਮੈਂ ਕਾਹਨੂੰ ਤੱਕਿਆ ।

ਮੈਂ ਵੀ ਪਿਆਰ ਸੀ ਕੀਤਾ,
ਸੁਖ,
ਭੁੱਖ,
ਅੱਖੀਆਂ ਦੀ ਨੀਂਦਰ ਦੇ ਕੇ,
ਪਤਾ ਨਹੀਂ ਕੇਹੜੀ ਗੱਲ ਪਿੱਛੇ,
ਬੈਠ ਗਿਆ ਹਾਂ ਇੱਕ ਦਰਦ ਜਿਹਾ ਲੈਕੇ।

ਮੈਂ ਤੇਰੀਆਂ

ਨੈਣਾਂ ਵਿੱਚ ਤੱਕੀ,
ਇੱਕ ਮੂਰਤ ਪਿਆਰ ਦੀ,
ਕਿਸੇ ਨੂੰ ਵਾਜਾਂ ਮਾਰਦੀ,
ਰਾਹ ਜਾਂਦਿਆਂ ਖਲ੍ਹਾਰ ਦੀ
ਮੈਂ ਲੁਕਿਆ ਤੇ ਝੁਕਿਆ,
ਜਾ ਨੇੜੇ ਉਹਦੇ ਢੁਕਿਆ,
ਉਹ ਤੱਕ ਮੁਸਕਾ ਪਈ,
ਪਰ ਪਿਛੋਂ ਸ਼ਰਮਾ ਗਈ,
ਨੀਵੀਂ ਜੇਹੀ ਧੌਣ ਪਾ ਲਈ,
ਖਬਰੇ, ਕਿੱਥੇ ਸਮਾ ਗਈ ।

*

* * *

ਮੈਂ ਅੱਜ ਤੱਕ ਹਾਂ ਲੱਭਦਾ,
ਉਸ ਅੱਲ੍ਹੜ ਜੇਹੀ ਜਵਾਨ ਨੂੰ,
ਉਸ ਮਿੱਠੀ ਜੇਹੀ ਮੁਸਕਾਨ ਨੂੰ,
ਜੋ ਦਿਲ ਮੇਰਾ ਲੈ ਗਈ,
ਅੱਖਾਂ ਦੀ ਰਾਂਹੀਂ ਕਹਿ ਗਈ,—
"ਮੈਂ ਤੇਰੀ ਆਂ, ਮੈਂ ਤੇਰੀ ਆਂ,
ਦੰਮਾਂ ਤੋਂ ਬਿਨਾਂ ਤੇਰੀ ਆਂ ।"

ਉਨ੍ਹਾਂ ਦਾ ਰੂਪ

ਰੂਪ ਉਨ੍ਹਾਂ ਦਾ ਦੱਸਾਂ ਕਿਵੇਂ,
ਅੱਖਾਂ ਡਿੱਠਾ ਦੱਸ ਨਾ ਸੱਕਣ,
ਜੀਭ ਵਿਚਾਰੀ ਵੇਖ ਨਾ ਸੱਕੀ।

ਭੁੱਲ

ਭੁੱਲ ਕਿਸੇ ਵੇਲੇ ਦੀ,
ਪਛਤਾਵੇ ਦੀ ਅੱਗ ਬਣਕੇ,
ਅੰਦਰੋਂ ਅੰਦਰੀ ਸਾੜਦੀ ਰਹਿੰਦੀ,
ਐਪਰ ਉਸ ਨੂੰ,–
ਜੇਹੜਾ ਭੁੱਲ ਆਪਣੀ ਨੂੰ,
ਭੁੱਲ ਕਰ ਜਾਣੇ।

ਪਛਤਾਵਾ

ਬੀਤੀ ਗੱਲ ਦਾ–
ਜਾਂ ਆਪਣੀ ਭੁੱਲ ਦਾ–
ਪਛਤਾਵਾ ਹੀ ਹੈ ਨਾ,
ਜਿਨਾ ਚਾਹੇ ਕੋਈ ਕਰ ਲਏ
ਕੀ ਬਣਾ ਸੱਕਿਆ ਕੋਈ,
ਕੁਝ ਸੋਚ ਸੋਚ ਕੇ ?
ਕੀ ਫੜ ਸੱਕਿਆ ਕੋਈ,
ਛੁੱਟੇ ਤੀਰ ਨੂੰ ?

ਪਿਆਰ ਦਾ ਸੁਨੇਹਾ

ਖਿਜ਼ਾਂ ਵਿਛੁੜੇ ਸਵਾਦ ਨਾ ਆਉਂਦਾ,
ਜਿਉਂ ਬਿਨ ਲੂਣੋਂ ਭਾਜੀ ।

ਵਿਛੋੜਾ

ਦਿਨ ਦੇ ਪਿੱਛੇ ਰਾਤ ਹੈ ਦਿੱਸਦੀ,
ਜੀਵਨ ਉਹਲੇ ਮੌਤ ਪਈ ਹੱਸਦੀ,
ਫੁੱਲ ਤੋਂ ਪਹਿਲਾਂ ਕੰਡਾ ਉੱਗਦਾ,
ਫੇਰ ਕਿਵੇਂ ਨਾ ਹੁੰਦਾ ਓ ਸੱਜਣਾ:–
ਪਿਆਰ ਦੇ ਨਾਲ ਵਿਛੋੜਾ?

ਦੁੱਖ ਦੇ ਨਾਲ ਪਿਆਰ ਜਿਨ੍ਹਾਂ ਦਾ,
ਉਹ ਸੁੱਖ ਦੀ ਪਰਵਾਹ ਕੀ ਕਰਦੇ ?

ਵਾਰੀ ਜਾਂ ਮੈਂ ਏਸ ਦੁੱਖ ਦੇ ਨੀ ਸਜਨੀ,
ਜੇਹੜਾ ਨਾਲ ਹਮੇਸ਼ਾਂ ਰਹਿੰਦਾ।

ਮੈਂਨੂੰ ਰੋਗ ਵਿਜੋਗ ਦਾ ਵੈਦਾ,
ਛੱਡ ਦੇ ਮੇਰੀ ਕਲਾਈ।

ਉਹ ਕੀ ਜਾਨਣ ਪਿਆਰ ਦੇ ਸੁਖ ਨੂੰ,
ਤਿਆਗ ਨਾ ਜੇਹੜੇ ਕੁਝ ਕਰ ਸਕਦੇ।

ਕਦਰ ਪਿਆਰ ਦੀ ਜਾਨ ਨਾ ਸਕਿਆ

ਬਿਨਾਂ ਕੁਝ ਕੀਤਿਆਂ,
ਬਿਨਾਂ ਮਿਹਨਤ ਤੋਂ
ਜਨਮ ਜਨਮ ਦੇ–
ਕਿਸੇ ਕੰਗਲੇ ਨੂੰ,–
ਆਪਣੇ ਆਪ ਈ,
––ਕਿਤੇ ਪਿਆ––
ਬਹੁਤਾ ਜਿਹਾ,
ਧਨ ਲੱਭ ਜਾਵੇ;

ਓਹ ਜਰ ਨਾ ਸਕਦਾ,
ਸਹਾਰ ਨਾ ਸਕਦਾ,–
ਓਹਦੀ ਖ਼ੁਸ਼ੀ ਨੂੰ,
ਜਾਂ ਖੋਹ ਬਹਿੰਦਾ,
ਜਾਂ ਮਰ ਜਾਂਦਾ,
ਪਾਗਲ ਹੋ ਕੇ ।

* * * * * *

ਜੇਠ ਹਾੜ ਦੇ,
ਤੱਪਦੇ ਦਿਨਾਂ ਵਿੱਚ,
ਸੜਦੇ ਦਿਨਾਂ ਵਿੱਚ,
ਲੂੰਹਦੀਆਂ ਲੋਆਂ ਵਿੱਚ,
ਕੋਈ.... ....

ਆਪਣੇ ਰਾਹ ਤੋਂ ਭੁੱਲਿਆ ਰਾਹੀ–
ਤੱਪਦੇ ਥਲਾਂ ਵਿੱਚ,
ਬਲਦੇ ਥਲਾਂ ਵਿੱਚ
ਸੜਦੇ ਥਲਾਂ ਵਿੱਚ,
ਭੱਠੀ ਵਾਂਗੂ ਭਖਦੇ ਥਲਾਂ ਵਿੱਚ,

ਤ੍ਰੇਹ ਨਾਲ ਮਰਦਾ ਤਿਹਾਇਆ,
ਬੁੱਲ੍ਹਾਂ ਨੂੰ ਚੱਬਦਾ,
ਡੇਲੇ ਅੱਡਦਾ,

ਚੀਸਾਂ

ਵੇਖ ਜਾਂ ਪੌਂਦਾ,
ਕਿਤੇ ਠੰਡਾ ਪਾਣੀ,-

ਟੁੱਟ ਕੇ ਪੈਂਦਾ,
ਨੱਠ ਕੇ ਪੈਂਦਾ,
ਉੱਡ ਕੇ ਪੈਂਦਾ,
ਇੱਕੋ ਵਾਰੀ-
ਪੀ ਜਾਣਾ ਚਾਹੁੰਦਾ,-
ਉਸ ਨੂੰ ਸਾਰਾ;

ਪਚਾ ਨਾਂ ਸਕਦਾ,
ਆਫਰ ਜਾਂਦਾ,
ਹੋਰ ਵਧੇਰੇ,
ਦੁੱਖ ਓਹ ਪੌਂਦਾ।

ਏਦਾਂ ਈ ਮੈਂ,-
ਤੁਹਾਨੂੰ ਪਾ ਕੇ,
ਤੁਹਾਡੇ ਰੂਪ ਨੂੰ ਪਾ ਕੇ,
ਤੁਹਾਡੇ ਪਿਆਰ ਨੂੰ ਪਾਕੇ,
ਕਦਰ ਉਨ੍ਹਾਂ ਦੀ,

ਜਾਣ ਨਾ ਸਕਿਆ,
ਸਾਂਭ ਨਾ ਸਕਿਆ,
ਤੇ....
ਖੋਹ ਬੈਠਾ।

ਇੱਕ ਗੱਲ

ਇੱਕ ਗੱਲ ਪੀਆ ਮੰਨੋ ਮੇਰੀ,
ਸੁਫ਼ਨੇ ਦੇ ਵਿੱਚ ਆਉਣਾ।
ਨਾ ਕੋਈ ਵੇਖੇ ਮੇਹਣਾ ਮਾਰੇ,
ਨਾ ਪਏ ਪਛਤਾਉਣਾ।

ਤੇਰਾ ਪਿਆਰ ਏ ਐਨਾ ਮਿੱਠਾ,
ਲੋਕੀਂ ਦੇਂਦੇ ਕੌੜੇ ਤਾਹਨੇ,
ਸਾਨੂੰ ਉਹ ਵੀ ਮਿੱਠੇ ਲੱਗਣ ।

ਤਰੇਲ਼

ਤਰੇਲ਼ ਨਹੀਂ ਇਹ ਅਥਰੂ ਰਾਤ ਦੇ,
ਜਿਹੜੇ ਪੀ-ਵਿਜੋਗਾ ਰੋੱਵ ਡਿੱਗੇ ।

ਤਾਰੇ

ਤਾਰੇ: ਨਹੀਂ,
ਇਹ ਬਿਰਹਾ ਦੇ ਛਾਲੇ,
ਪਾਣੀ ਨਾਲ ਭਰੇ ਲਿਸ਼ਕਦੇ.
ਕਦੇ ਫਿੱਸ ਜਾਣ,
ਕਦੇ ਭਰ ਜਾਣ,
ਚੀਸਾਂ ਪੈਣ,
ਤੜਫਦੇ ਫਿਰਦੇ ।

ਜੇ ਨਾ ਹੁੰਦਾ ਸੁਫ਼ਨਾ ਜੱਗ ਵਿੱਚ,
ਕਿਵੇਂ ਹੁੰਦਾ ਮੇਲ ਪੀਆ ਦਾ !
ਤਾਰੇ ਗਿਣਦਿਆਂ ਰਾਤ ਲੰਘ ਜਾਂਦੀ,
ਕਿਸ ਪਿੱਛੇ ਕੋਈ ਸੌਂਦਾ।

ਚੰਦ ਨਹੀਂ ਏਹ ਸੂਰਜ ਸਜਣੀ,
ਮੈਨੂੰ ਨਹੀਂ ਸੁੱਠੀਆਂ, ਤੱਤੀਆਂ ਕਿਰਣਾਂ ?

ਚੜ੍ਹਦੇ ਸੂਰਜ ਨੂੰ ਵੇਖਕੇ

ਕਾਹਨੂੰ ਹੁੰਦਾ ਏਂ ਲਾਲ ਤੇ ਪੀਲਾ,
ਮੈਂ ਅੱਗੇ ਹਾਂ ਸੜਦੀ ਰਹਿੰਦੀ।

ਸਵੇਰ ਦੀ ਵਾ ਨੂੰ

ਦੱਸ ਨੀ ਠੰਡੀਏ ਵਾਏ, ਸਵੇਰ ਦੀਏ,
ਕੀ ਤੈਨੂੰ ਸੱਜਣਾਂ ਨੇ ਘੱਲਿਆ ਏ।
ਜਾਂ ਮੈਨੂੰ ਸੜਦਿਆਂ ਵੇਖ ਬਿਰਹਾਂ ਵਿਚ,
ਤੇਰਾ ਆਪਣਾ ਈ ਮਨ ਡੁਲ੍ਹਿਆ ਏ ?

ਮਨ ਦੀ ਭੁੱਲ

ਕਸੂਰ ਅੱਖਾਂ ਦਾ,
ਜਿਨ੍ਹਾਂ ਕਿ ਵੇਖਿਆ,
ਭੁੱਲ ਮਨ ਦੀ,
ਜਿਨ੍ਹੇ ਚਾਹਿਆ;
ਦਿਲ ਨੇ ਤਾਂ ਕੁਝ ਵਗਾੜਿਆ ਨਹੀਂ ਸੀ,
ਏਸ ਨੂੰ ਕਿਉਂ ਤੂੰ ਸਾੜਿਆ ਸੱਜਣਾ !

ਸੀਨੇ ਵਿੱਚ ਦਿਲ ਤੜਫ ਰਿਹਾ ਏ,
ਦਿਲ ਵਿੱਚ ਤੜਫਨ ਠੰਡੇ ਹੌਕੇ,
ਉਹ ਕੀ ਸਾਰ ਪਿਆਰ ਦੀ ਜਾਨਣ,
ਜਿਨ੍ਹਾਂ ਕਦੀ ਨਹੀਂ ਵੇਖਿਆ ਰੋਕੇ।

ਪਿਆਰ

ਜੇ ਦੁਨੀਆਂ ਤੇ ਪਿਆਰ ਨਾ ਹੁੰਦਾ,
ਨਾ ਕੋਈ ਕਿਸੇ ਦੇ ਪਿੱਛੇ ਮਰਦਾ,
ਨਾ ਅੱਖੀਆਂ ਤੋਂ ਝਰਦੇ ਝਰਨੇ।

ਪਿਆਰ ਤਾਂ ਆਪਣਾ ਪੰਧ ਲਿਖ ਗੀ,
ਤਾਂ ਸਾਹਾਂ ਨੇ ਜਾਣ ਦੀ ਪੰਦੇਂ।

ਤੈਥੋਂ ਤੇਰੀ ਯਾਦ ਚੰਗੇਰੀ,
ਜਿਹੜੀ ਮੈਨੂੰ ਛੱਡ ਨਾ ਸੱਕੇ,
ਤੂੰ ਤੜਫੌਂਦਾ ਅੱਕਦਾ ਨਾਹੀਂ,
ਇਹ ਥੱਕੇ ਨਾ ਪਰਚਾਉਂਦੀ।

ਵਟਾਂਦਰਾ

ਮੈਂ ਜਾਤਾ ਸੀ ਓਹ ਮੇਰਾ ਏ.
ਜਿਸ ਦਾ ਮਨ ਮੇਰੇ ਵਿੱਚ ਡੇਰਾ ਏ,
ਏਹ ਜਾਣ, ਆਪਣੇ ਸਾਰੇ ਸੁਖ,
ਮੈਂ ਉਸਦੀ ਭੇਟ ਚੜ੍ਹਾ ਦਿੱਤੇ;

ਜੋਬਨ ਦੇ ਫੈਲ ਸਿਪਾਹੀ ਨੇ,
ਤੁਰ ਜਾਵਣ ਵਾਲੇ ਰਾਹੀ ਨੇ,
ਉਸਦਾ ਬਦਲਾ ਏਹ ਦਿੱਤਾ,
(ਕਿ) ਪਲੜੇ ਵਿੱਚ ਹੌਕੇ ਪਾ ਦਿੱਤੇ ।

ਬੀਤ ਜਾਣਗੇ ਦਿਨ ਵਿਜੋਗ ਦੇ,
ਬੀਤ ਜਾਣਗੀਆਂ ਲੰਮੀਆਂ ਰਾਤਾਂ,
ਪਰ ਕੀ ਓਹ ਭੁੱਲ ਸਕਦੀਆਂ ਨੇ ਸੱਜਣਾਂ ?
ਮਿੱਠੀਆਂ ਮਿਲਣੀਆਂ, ਮਿੱਠੀਆਂ ਬਾਤਾਂ !

ਤੇਰੀ ਪ੍ਰੀਤ

ਪ੍ਰੀਤ ਤੇਰੀ ਵਿੱਚ ਬੱਝ ਕੇ ਸਾਥੋਂ,
ਸਭ ਬੰਧਨ ਨੇ ਖੁੱਲ੍ਹੇ,
ਇੱਕ ਜਾਣ ਤੇਰੀ ਦਾ ਪਾ ਕੇ ਸੱਜਣਾ,
ਅਸੀਂ ਸਭ ਜਾਣਾਂ ਹਾਂ ਭੁੱਲੇ।

ਸਜਨਾਂ ਦੀ ਯਾਦ

ਆ ਨੀ ਯਾਦੇ ਸਜਨਾਂ ਦੀਏ !
ਗਲਵੱਕੜੀ ਤੇ ਪਾ,
ਓਹ ਤਾਂ ਸਾਨੂੰ ਛੱਡ ਗਏ ਨੇ
ਤੂੰ ਤੇ ਸਾਥ ਨਿਭਾ ।

ਦੋ ਨੈਣ

ਸੋਹਣੇ ਜਹੇ,
ਸੁੰਦਰ ਜਹੇ,
ਖਿੜੇ ਫੁੱਲ ਕੰਵਲ ਦੇ ਵਾਂਗੂ,
ਸੀਤਲ ਜਹੇ,
ਕੋਮਲ ਜਹੇ,
ਓਹ ਰਸ ਤਰੇ,
ਓਹ ਮੱਦ ਭਰੇ,
ਦੋ ਨੈਣ ਕਿਸੇ ਦੇ,

* * *

ਕਰ ਗਏ ਘਾ
ਕਟਾਰੋਂ ਵਧ ਕੇ।

ਤੇਰੀ ਯਾਦ

ਤੇਰੇ ਵਾਂਗ,
ਤੇਰੇ ਪਿੰਡੇ ਵਾਂਗ,
ਉਹਦੇ ਛੋਹਣੇ ਵਾਂਗੂੰ,
ਸੀਤਲ ਜੇਹੀ,
ਕੂਲੀ ਕੂਲੀ,
ਓਹ ਯਾਦ ਤੇਰੀ, ਜਦ ਆਉਂਦੀ ਏ,
ਮੈਨੂੰ ਕਮਲਿਆਂ ਵਾਂਗ ਬਣੌਂਦੀ ਏ,
ਕਦੀ ਉਠਨੀਆਂ, ਕਦੀ ਬਹਿਨੀਆਂ,
ਇੰਜ ਤਰਲੇ ਲੈਂਦੀ ਰਹਿਨੀਆਂ।

ਨੈਣਾਂ ਦਾ ਨਸ਼ਾ

ਜਿੰਨੇ ਵੀ ਨਸ਼ੇ ਨੇ ਜੱਗ ਦੇ,
ਓਹ ਆਪਣੇ ਆਪ ਈ,
ਬਿਨਾ ਖਾਦਿਆਂ, ਪੀਤਿਆਂ, ਜਾਂ ਸੁੰਘਿਆਂ,
ਕਦੇ ਨਾ ਚੜ੍ਹਦੇ;
ਐਪਰ,
ਤੇਰੇ ਨੈਣਾਂ ਵਿੱਚ ਇੱਕ ਅਜਿਹਾ ਨਸ਼ਾ ਏ
ਜੇਹੜਾ ਵੇਖਣ ਮਾਤਰ ਤੋਂ,
ਆਪਣੇ ਆਪ ਈ,
ਹੈ ਚੜ੍ਹ ਜਾਂਦਾ ।

ਮੇਰੀ ਮੰਗ

ਜੇ ਕੁਝ ਦੇਣਾ ਈ ਚਹੁੰਦਾ ਏਂ,
ਹੋ ਕੇ ਮੇਰੇ ਤੇ ਦਿਆਲ;
ਤਾਂ ਦੇਹ ਆਪਣੀ ਯਾਦ ਬਹੁਤੀ ਜੇਹੀ,
ਕਿਤੇ, ਮੈਂ ਵੀ ਧਨੀ ਕਹਾਵਾਂ।

ਪਿਆਸ

ਓ ਸਾਕੀ,
ਪਿਆਲ ਐਨੀ, ਪਿਆਲ ਐਨੀ-
ਤੂੰ ਪਿਆਂਦਾ ਜਾਵੇਂ,
ਮੈਂ ਪੀਂਦਾ ਜਾਵਾਂ,
ਨਾਂ ਤੂੰ ਥੱਕੇਂ,
ਨਾਂ ਮੈਂ ਅੱਕਾਂ,
ਪਿਆਸ ਨਾਂ ਕਦੇ ਬੁੱਝੇ।

ਸੱਜਣਾ ਪਿਆਲ ਠੰਢਾ ਪਾਣੀ,-
ਐਨਾਂ ਠੰਢਾ, ਐਨਾਂ ਠੰਢਾ,
ਜਿਹੜਾ ਪਿਆਸ ਨੂੰ,
ਵਧਾਉਂਦਾ ਈ ਤੁਰਿਆ ਜਾਵੇ।

ਪਿਆਰ

ਪਿਆਰ ਹੈ ਇਕ ਖੇਡ ਜੂਏ ਦੀ.–
ਜਿਹੜੀ ਖੇਡੀ ਜਾਂਦੀ ਏ,
ਸੋਚੀ ਨਹੀਂ ਜਾਂਦੀ।

(ਭਾਵ ਫਿਲਮ ਪ੍ਰਿਥਵੀ ਵਲਭ)

ਪਿਆਰ

ਪਿਆਰ ਹੋਵੇ ਜਾਂ ਪਿਆਰ ਦੀ ਖਾਤਰ,–
ਤਾਈਏਂ ਪਿਆਰ ਕਹਾਉਂਦਾ,
ਨਹੀਂ ਤਾਂ ਉਸ ਨੂੰ,
ਜੋ ਜੀ ਚਾਹੇ ਕਹੀਏ ।

ਵਹਿੰਦੀ ਨਦੀ ਨੂੰ ਵੇਖਕੇ

ਦੱਸ ਖਾਂ ਨੀ ਕਿੱਥੇ ਚੱਲੀ ਏਂ,
ਕਲ ਕਲ ਕਰਦੀ,
ਸ਼ਾਂ ਸ਼ਾਂ ਕਰਦੀ,
ਸ਼ੋਰ ਮਚੌਂਦੀ, ਕਾਹਲੀ ਕਾਹਲੀ,
ਕਿਤੇ ਸਜਣ ਦੀ ਦੱਸ ਪਈ ਏ,
ਮਿਲਨ ਚੱਲੀ ਏਂ ਓਹਨੂੰ,
ਜਾਂ ਕੋਈ ਕੁਝ ਚੁੱਕ ਕੇ ਲੈ ਗਿਆ,
ਲੱਭਣ ਚੱਲੀ ਏਂ ਓਹਨੂੰ।

ਚੀਸ

ਆ ਨੀ ਬਦਲੀਏ !
ਜੀ ਆਇਆਂ ਨੂੰ,
ਬੁਝਾ ਸਕੇਂਗੀ,
ਅੱਗ ਬਿਰਹਾ ਦੀ ?
ਕਰ ਸਕੇਂ ਗੀ ਸ਼ਾਂਤ,
ਏਸ ਅੱਗ ਮੇਰੀ ਨੂੰ ?
ਤੈਨੂੰ ਸਾੜ ਨਾ ਦੇਵੇ
ਏਹਦਾ ਇਕ ਭੱਬਾਕਾ,
ਸੁਕਾ ਨਾ ਦੇਵੇ,
ਤੇਰਾ ਸਾਰਾ ਪਾਣੀ,
ਉੱਡ ਨਾ ਜਾਵੇਂ,
ਸੁਵਾਹ ਜੇਹੀ ਬਣਕੇ ।

ਮੇਰੇ ਪ੍ਰਾਣ

"ਠੀਕ ਹੈ ਇਹ ਤਾਂ :
ਪ੍ਰਾਣ ਮੇਰੇ ਨੇ,
ਯਾਦ ਤੁਸਾਡੀ"
ਪਰ————————
ਇਹ ਸਦਾ ਬਿਕਲ ਨੇ ਰਹਿੰਦੇ
ਏਸ ਦੇਹੀ ਵਿੱਚ, ਏਸ ਜਿਸਮ ਵਿੱਚ,
ਕਾਹਲੇ ਪਏ ਨੇ,
ਚਾਹੁੰਦੇ ਨੇ ਉੱਡਣਾ,
ਪਿੰਜਰੇ ਦੇ ਕਿਸੇ ਪੰਛੀ ਵਾਂਗੂੰ,
ਕਤਲ ਦੇ ਕਿਸੇ ਕੈਦੀ ਵਾਂਗੂੰ;
ਸੱਜਣਾ !
ਸੱਦ ਹੀ ਲੈ,
ਫਿਰ ਪਾਸ ਇਨ੍ਹਾਂ ਨੂੰ;
ਨਾ ਇਹ ਤੜਫਨ,
ਨਾ ਇਹ ਵਿਲਕਣ,
ਨਾ ਇਹ ਰੋਵਣ,
ਨਾ ਕੁਰਲਾਵਣ;
ਫਿਰਨ ਨਾ ਭੌਂਦੇ,
ਕਿਤੇ ਐਂਵੇਂ ਕੈਂਵੇਂ ।

ਜੇ ਸਾਡੇ ਵਿੱਚ ਨਾ ਹੁੰਦੀ ਖਾਹਸ਼,
ਫੇਰ ਕਿਵੇਂ ਅਸੀਂ ਰੱਬ ਕੋਲੋਂ ਘੱਟ ਸਾਂ।

ਜੋਬਨ

ਜੋਬਨ ਜਿਹਾ ਨਾ ਵੈਰੀ ਕੋਈ–
ਆਉਂਦਾ ਤਾਂ ਵੀ ਭੜਥੂ ਪਾਉਂਦਾ,
ਜਾਂਦਾ ਸਭ ਕੁਝ ਲੈਕੇ ।

ਮੇਰਾ ਜੀਵਨ

ਪਿਆਰ ਤੇ ਆਪਣਾ ਖੱਸ ਲਿਓ ਜੇ,
ਯਾਦ ਤੁਹਾਡੀ ਜੀਵਨ ਮੇਰਾ–
ਇਹ ਤਾਂ ਨਾਂ ਹੁਣ ਖੋਵੋ ਪ੍ਰੀਤਮ।

ਬੱਦਲਾਂ ਦੇ ਪੱਲੇ ਵਿੱਚ

ਬੱਦਲਾਂ ਦੇ ਪੱਲੇ ਵਿੱਚ,--
ਬਿਜਲੀ ਬਣ ਕੇ,
ਪਰਬੱਤ ਦੇ ਦਿਲ ਵਿੱਚ,--
ਨਿੱਤ ਪਈ ਭੜਕੇ,
ਸਮੁੰਦਰ ਦੀ ਹਿੱਕ ਵੀ ਰਹੇ ਨਿੱਤ ਸੜਦੀ,
ਅੱਗ ਵਿਜੋਗ ਦੀ ਸਭ ਥਾਈਂ ਬਲਦੀ ।

ਅੱਖੀਆਂ ਵਿੱਚ ਤਾਂ ਪਾਣੀ ਉੱਬਲਦਾ,
ਫਿਰ ਮੈਂ ਕਿਦਾਂ ਸੌਂਵਾਂ,
ਜੇਹੜਾ ਮੈਨੂੰ ਲੁੱਟਕੇ ਲੈਗਿਆ,
ਮੈਂ ਉਸੇ ਦੀ ਯਾਦ ਵਿੱਚ ਰੋਵਾਂ।

ਪਲਕ ਖੁੱਲ੍ਹੇ ਪੀਆ ਆਏ ਨਾ,
ਪਲਕ ਲੱਗੇ ਪੀਆ ਆਏ,
ਮੈਂ ਡਰਦੀ ਨਹੀਂ ਉਘੇੜਦੀ,
ਮੁੜ ਨਾ ਉਹ ਤੁਰ ਜਾਏ ।

ਵਿਛੋੜਾ

ਜੇ ਨਾਂ ਹੁੰਦਾ ਵਿਛੋੜਾ ਜੱਗ ਵਿੱਚ,
ਫੇਰ ਕੌਣ ਕਿਸੇ ਨੂੰ ਚਾਹੁੰਦਾ ?

ਤੁਸਾਂ ਕਿਹਾ ਏ
"ਮਛੀਓਂ ਬਾਝ ਰਹਿ ਸਕਦਾ ਏ ਪਾਣੀ,
ਬਿਨ ਪਾਣੀ ਮੱਛੀ ਕਿੱਦਾਂ ਜੀਵੇ।"
ਐਪਰ ਤੂੰਹੀ ਦੱਸ ਖਾਂ ਸੱਜਣਾ,
ਪਾਣੀ ਕਦੋਂ ਵਿਛੋੜੇ ਮੱਛੀ,
ਘਰੋਂ ਕਦੋਂ ਓਹ ਕੱਢ ਕੇ ਆਵੇ;
ਕੀ ਉਸਦੀ ਨਹੀਂ ਕਰਦਾ ਰਖਿਆ,
ਆਪਣੇ ਮੁੱਕਣ ਤੀਕ ਵੀ?

ਤੇਰੀ ਯਾਦ

ਤੈਥੋਂ ਤੇਰੀ ਯਾਦ ਚੰਗੇਰੀ,
ਜਿਹੜੀ ਨਾਲ ਹਮੇਸ਼ਾਂ ਰਹਿੰਦੀ।

ਬਚਪਨ, ਜਵਾਨੀ, ਬੁਢੇਪਾ ਤੇ ਮੌਤ

(੧) ਬਚਪਨ ਕੀ ਏ ?

ਇਕ ਮਿੱਠੀ ਨੀਂਦਰ,

ਨਿਸ਼ਚਿੰਤ,

ਤੇ ਗੂੜ੍ਹੀ ਜੇਹੀ ।

(੨) ਜਵਾਨੀ ਕੀ ਏ ?

ਕੁਝ ਸੁਫਨੇ,
ਦੁੱਖ ਭਰੇ,
ਸੁਖ ਭਰੇ
ਆਸ ਭਰੇ
ਕੁਝ ਨਿਰਾਸ ਭਰੇ,
ਠੰਡੇ ਠੰਡੇ, ਟੱਤੇ ਤ'ਤੇ,
ਕੁਝ ਆਪਣੇ ਕੁਝ ਕਿਸੇ ਦੇ ।

(੩) ਬੁਢੇਪਾ ਕੀ ਏ ?

ਸੋਚ,
ਬੇਬਸੀ,
ਕੁਝ ਮਜ਼ਬੂਰੀ।

(੪) ਮੌਤ ਕੀ ਏ ?

....
....
....
ਵਿੱਛੜ ਜਾਣਾ ।

ਦੋ ਨੈਣ ਪੱਹੀਏ ਪ੍ਰੇਮ ਦੇ–
ਸੀ ਲੀਕ ਜੇਹੀ ਪਾ ਗਏ,
ਉਹ ਲੀਕ ਹੀ ਬੱਸ ਮਨ ਮੇਰਾ,
ਤੇਜ਼ਾਬ ਵਾਂਗੂੰ ਖਾ ਗਈ।

ਭੁੱਲ ?

ਹਾਂ, ਇਕ ਵਾਰ ਹੋਈ ਸੀ ਮੈਂਥੋਂ

ਕੀ ਅਜੇ ਉਸਨੂੰ ਮੁਆਫ਼ ਨਹੀਂ ਕੀਤਾ ?

ਤੁਸਾਂ ਬੜੀ ਭੁੱਲ ਤੇ ਭੁੱਲ ਕੀਤੀ।

ਜੇਠ ਦੀ ਹਨੇਰੀ ਆਈ

ਵਿਜੋਗ ਦੇ ਸੇਕ ਵਾਂਗੂੰ,
ਲੂੰਹਦੀਆਂ ਲੋਆਂ ਦੇ ਪਿੱਛੋਂ,
ਪਿਆਰ ਦੀਆਂ,
ਪਿਆਰ ਵਿਚ ਮਿਲਣ ਦੀਆਂ,
ਰੁੱਸਣ ਤੇ ਹੱਸਣ ਦੀਆਂ,
ਸਾਰੀਆਂ ਯਾਦਾਂ ਦੇ ਵਾਂਗ,
ਜੇਠ ਦੀ ਹਨੇਰੀ ਆਈ ।

ਘੁੱਪ ਹਨੇਰਾ ਛਾਇਆ,
ਕਿਸੇ ਦੀ ਨਿਰਾਸ਼ਾ ਵਾਂਗੂੰ,
ਬਾਲ, ਬੁੱਢੇ, ਇਆਣੇ, ਸਿਆਣੇ,
ਸਭ ਨੇ ਘਬਰਾਏ ਹੋਏ,
ਢਹਿੰਦੀਆਂ ਚੀਜ਼ਾਂ ਨੂੰ ਵੇਖ,
ਕਿਸੇ ਦੀਆਂ ਉਮੀਦਾਂ ਵਾਂਗੂੰ।

ਸੋਹਣੀ ਸੋਹਣੀ ਸੂਰਤਾਂ ਤੇ,
ਗੋਰੀ ਗੋਰੀ ਮੂਰਤਾਂ ਤੇ,
ਦੋਹੀਂ ਹੱਥੀਂ ਭਰ ਭਰ,
ਰੇਤ ਦੇ ਨੇ ਬੁੱਕ ਪਾਏ।

ਭੋਲੇ ਜਹੇ,
ਅੱਲੜ੍ਹ ਜਹੇ,
ਕਿਸੇ ਦੇ ਪਿਆਰ ਵਿੱਚ,
ਕਿਸੇ ਦੇ ਵਿਜੋਗ ਵਿੱਚ,
ਸੜਦੇ ਹੋਏ ਦਿਲ ਨੂੰ ਵੇਖ,
ਜਿਵੇਂ, ਅੱਖੀਆਂ ਨੂੰ ਤਰਸ ਆਵੇ,
ਵਰ੍ਹੀਆਂ ਨੇ ਬਦਲੀਆਂ।

ਹਨੇਰੀ ਲੱਥੀ,
ਰੇਤ ਦੱਬੀ,
ਘਟਿਆਂ ਕੁਝ ਸੇਕ ਵੀ।

ਕਵਿਤਾ ਕੀ ਹੈ?
ਕਿਸੇ ਜ਼ਿੰਦਗੀ ਦਾ ਰੋਣਾ।

ਪਿਆਰ ਕੀ ਏ ?

ਪਿਆਰ ਹੈ ਇਕ ਚਿੱਟੀ ਚਾਦਰ,
ਸੁੰਦਰ ਜੇਹੀ, ਸੋਹਣੀ ਜੇਹੀ.
ਸੁਵਾਰਥ ਦੇ ਛਿੱਟੇ ਪੈ ਕੇ,
ਬਣ ਜਾਂਦੀ ਏ,
ਭੈੜੀ ਜੇਹੀ,
ਨਿਕੰਮੀ ਜੇਹੀ।

ਅੱਖੀਆਂ ਦੇ ਮੈਂ ਖੋਲ੍ਹ ਕੇ ਬੂਹੇ,
ਬੈਠੀ ਸਾਂ--
ਅੱਜ ਆਉਂਣਗੇ ਮਾਹੀ,
ਮੰਦ ਮੰਦ ਮੁਸਕਾਂਦੇ ਮਾਹੀ।
ਪ੍ਰਾਣਾਂ ਮੇਰਿਆਂ 'ਚ,
ਜਾਨ ਜੇਹੀ ਪਾਉਂਦੇ।

ਸੋਚਿਆ ਸੀ--
ਬੈਠਾ ਉਨ੍ਹਾਂ ਨੂੰ ਪਲਕਾਂ ਦੇ ਉਹਲੇ,
ਢੋਹਕੇ ਦੋਵੇਂ ਅੱਖਾਂ ਦੇ ਬੂਹੇ,
ਸੁਣਾਂਵਾਂਗੀ ਦਿਲ-ਵੇਦਨ ਸਾਰੀ,
ਕਹਾਂਗੀ ਦਰਦ-ਕਹਾਣੀ ਆਪਣੀ।

ਭਾਗਾਂ ਨਾਲ--
ਆ ਗਏ ਉਹ,
ਮੰਦ ਮੰਦ ਮੁਸਕਾਂਦੇ ਉਹ,

ਵੇਖਦਿਆਂ ਹੀ--
ਸਾਰੀ ਦੇਹੀ,
ਕੰਬ ਪਈ
ਤੇ ਸੁੰਨ ਜੇਹੀ ਹੋ ਗਈ;
ਜੀਭ ਵਿਚਾਰੀ--
ਜਾ ਲੁਕੀ ਸ਼ਰਮਾ ਕੇ,-
ਮੂੰਹ ਦੀ ਕਿਸੇ ਨੁੱਕਰੇ.
ਕੁਝ ਬੋਲ ਨਾ ਸੱਕੀ
ਰਹਿ ਗਿਆ ਮੂੰਹ ਖੁੱਲ੍ਹੇ ਦਾ ਖੁਲ੍ਹਾ,
ਕਹਿ ਨਾ ਸੱਕੀ,
"ਜੀ ਆਇਆਂ ਨੂੰ।"

ਕਵਿਤਾ ਕਿਵੇਂ ਨਿਕਲਦੀ ਏ ?

ਜਦ ਪ੍ਰੇਮੀ ਦੇ ਦਿਲ ਵਿਚ–
ਮਾਹੀ ਦੀਆਂ ਯਾਦਾਂ,
ਇਕ ਤੁਫਾਨ ਜੇਹਾ ਲੈ ਆਉਂਦੀਆਂ ਨੇ,
ਪ੍ਰਾਣ ਬਿਕਲ ਹੋ ਉਠਦੇ ਨੇ,
ਤਦ– –
ਨੈਣਾਂ ਦੀ ਰਾਹੀਂ,
ਦਿਲ ਵੇਦਣ ਸਾਰੀ,
ਵਹਿ ਨਿਕਲਦੀ ਏ,
ਕਵਿਤਾ ਬਣਕੇ ।

ਦਿਲ ਦੀ ਧੜਕਣ ਨੂੰ

ਦਿਲ ਮੇਰੇ ਦੀਏ ਤੱਤੀਏ ਧੜਕਣੇ !
ਬਣਾਂ ਸਕੇਂਗੀ, ਕੁਝ ਧੜਕ ਧੜਕ ਕੇ ?
ਕਰਾਂ ਸਕੇਂਗੀ ?
ਯਾਦ ਮੇਰੀ,
ਉਸ ਕਠੋਰ ਨੂੰ,
ਉਸ ਚੋਰ ਨੂੰ,
ਜੇਹੜਾ ਲੈ ਗਿਆ ਲੁੱਟਕੇ—
ਮੇਰਾ ਸੁਖ ਚੈਨ ਸਭ,
ਖਾਣ ਪੀਣ ਸਭ,
ਨੀਂਦ ਅੱਖਾਂ ਦੀ,
ਸ਼ਾਂਤੀ ਮਨ ਦੀ,
ਜਾਂ—
ਮੈਨੂੰ ਹੀ ਰਹੇਂਗੀ ਸਦਾ ਸਾੜਦੀ ?
ਦੱਬੀ ਅੱਗ ਵਾਂਗੂੰ,
ਸੁਲਗ ਸੁਲਗ ਕੇ,
ਭੜਕ ਭੜਕ ਕੇ ।

ਦਿਲ

ਸਜਣਾਂ ਦਸ ਖਾਂ ਤੂੰਏਂ ਸ
ਏਨੂੰ ਹੁਣ ਪਰਚਾਵਾਂ ਕਿੱਦਾਂ ।
ਮਨਾਵਾਂ ਕੀ ਦੇਕੇ ਮੈਂ ਏਸਨੂੰ,
"ਏਹ ਦਿਲ ਏ ਦਿਲ"
ਕੋਈ ਬਾਲ ਤੇ ਨਹੀਂ,
ਜੇਹੜਾ ਸੋਹਣੇ ਜੇਹੇ ਖਿਡੌਣੇ–
ਜਾਂ ਮਠਿਆਈ ਦਿਤਿਆਂ,
ਪਰਚ ਜਾਵੇਗਾ,
ਮੰਨ ਪਵੇਗਾ
ਭੁੱਲ ਜਾਵੇਗਾ,
ਆਪਣੇ ਨਾਲ ।
ਕਿਸੇ ਬੀਤੀ ਗੱਲ ਨੂੰ ।

ਕਵੀ

ਕਵੀ ਹੈ ਪ੍ਰਤੀਨਿਧ ਜਗਤ ਦਾ,
ਦੁੱਖਾਂ ਦਾ ਸਾਥੀ,
ਸੁੱਖਾਂ ਦਾ ਸਾਥੀ,
ਰੋਣੇ ਦਾ ਸਾਥੀ,
ਹੱਸਣੇ ਦਾ ਸਾਥੀ,
ਕਵੀ ਹੈ ਪ੍ਰਤੀਨਿਧ ਜਗਤ ਦਾ।

ਆਨ ਦਾ ਰਾਖਾ,
ਸ਼ਾਨ ਦਾ ਰਾਖਾ,
ਧਰਮ ਦਾ ਰਾਖਾ,
ਮਾਨ ਦਾ ਰਾਖਾ,
ਕਵੀ ਹੈ ਪ੍ਰਤੀਨਿਧ ਜਗਤ ਦਾ।

ਸੁੱਤਾ ਦੇਸ਼ ਜਗਾਉਂਦਾ ਕਵੀ ਹੈ.
ਰੁੱਸੇ ਭਾਗ ਮਨਾਉਂਦਾ ਕਵੀ ਹੈ,
ਗੀਤ ਅਨੰਤ ਦੇ ਗਾਉਂਦਾ ਕਵੀ ਹੈ,
ਭੁਲਿਆਂ ਰਾਹ ਦਰਸਾਉਂਦਾ ਕਵੀ ਹੈ,
ਕਵੀ ਹੈ ਪ੍ਰਤੀਨਿਧ ਜਗਤ ਦਾ,

ਦੇਸ਼ ਦੁਖੀ ਤਾਂ ਕਵੀ ਦੁਖੀ ਹੈ,
ਦੇਸ਼ ਸੁਖੀ ਤਾਂ ਕਵੀ ਸੁਖੀ ਹੈ,
ਦੇਸ਼ ਰਜਿਆਂ ਕਵੀ ਰਜ ਰਜ ਸੌਵੇਂ,
ਦੇਸ਼ ਭੁੱਖਾ ਕਵੀ ਤੜਫੇ ਰੋਵੇ,
ਕਵੀ ਹੈ ਪ੍ਰਤੀਨਿਧ ਜਗਤ ਦਾ।

ਡਿੱਗੀਆਂ ਕੌਮਾਂ ਉਠਾਂਦਾ ਕਵੀ ਹੈ,
ਪਾਠ ਅਮਰ ਦਾ ਪੜ੍ਹਾਉਂਢਾ ਕਵੀ ਹੈ,
ਹੱਸ ਹੱਸ ਮਰਨਾ ਸਖਾਉਂਦਾ ਕਵੀ ਹੈ,
ਮਰ ਮਰ ਜੀਣਾ ਸਖਾਉਂਦਾ ਕਵੀ ਹੈ,
ਕਵੀ ਹੈ ਪ੍ਰਤੀਨਿਧ ਜਗਤ ਦਾ।

ਕਵੀ ਸਦਾ ਆਜ਼ਾਦ ਹੈ ਰਹਿੰਦਾ,
ਦੁਖ ਵਿੱਚ ਵੀ ਓਹ ਸ਼ਾਦ ਹੈ ਰਹਿੰਦਾ,
ਹੋ ਬੇਕਾਰ ਉਹ ਕਦੀ ਨਾ ਬਹਿੰਦਾ,
ਮੌਨ ਰਹੇ ਤਾਂ ਵੀ ਕੁਝ ਕਹਿੰਦਾ,
ਕਵੀ ਹੈ ਪ੍ਰਤੀਨਿਧ ਜਗਤ ਦਾ,

ਕਵੀ ਮਰ ਜਾਏ ਓਹਦੀ ਬਾਣੀ ਅਮਰ ਏ,
ਬਾਣੀ ਅਮਰ ਏ, ਓਹਦੀ ਕਹਾਣੀ ਅਮਰ ਏ,
ਓਹ ਅਮਰ ਦਾ ਪੂਜਕ ਸਵੈਯੰ ਅਮਰ ਏ,
ਤਾਈਂਏ ਈ ਓਹਦਾ ਨਾਮ ਅਮਰ ਏ,
ਕਵੀ ਭੂਤ ਵਰਤ ਭਵਿਖਤ 'ਚ ਵਸਦਾ,
ਅਗਲੀਆਂ ਪਿਛਲੀਆਂ ਗੱਲਾਂ ਦਸਦਾ,
ਓਹ [1]'ਸਤ' [2]'ਸ਼ਿਵ' [3]'ਸੁੰਦਰ' ਝੂਠੋਂ ਨਸਦਾ,
ਦੁੱਖ ਨੂੰ ਪਾ ਜੱਗ ਰੋਵੇ ਕਵੀ ਓਸ ਤੇ ਹਸਦਾ,
ਕਵੀ ਹੈ ਪ੍ਰਤੀਨਿਧ ਜਗਤ ਦਾ।

ਕਵੀ ਦੀ ਰਚਨਾ ਓਹਦੇ ਮਨ ਦਾ ਸ਼ੀਸ਼ਾ,
ਮਨ ਦਾ ਸ਼ੀਸ਼ਾ, ਓਹਦੇ ਕਰਮ ਦਾ ਸ਼ੀਸ਼ਾ,
ਗਿਆਨ ਦਾ ਸ਼ੀਸ਼ਾ ਗੁਣਾਂ ਦਾ ਸ਼ੀਸ਼ਾ,
ਓਹਦੇ ਦੇਸ਼ ਦੇ ਸਾਰੇ ਭਾਵਾਂ ਦਾ ਸ਼ੀਸ਼ਾ,
ਕਵੀ ਹੈ ਪ੍ਰਤੀਨਿਧ ਜਗਤ ਦਾ।

---

1 The True 2The Good. 3 The Beautiful.

ਕਿੰਨੀ ਵਾਧੂ ਕਿੰਨੀ ਫਜ਼ੂਲ !

....

....

....

ਤੇਰੀ ਏਹ ਕਲਪਣਾ ਤੇਰੀ ਏਹ ਉਡਾਣ ।

P. Kamal



ਲਿਸ਼ਕਦੀਆਂ ਬਿਜਲੀਆਂ

"ਚੀਸਾਂ" ਦੇ ਸੁਯੋਗ ਪਰਵੇਸ਼-ਲੇਖਕ ਡਾਕਟਰ ਗੁਰਬਖ਼ਸ਼ ਸਿੰਘ ਜੀ ਦੀਆਂ ਨਵੀਨ ਤੇ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ,

"ਲਿਸ਼ਕਦੀਆਂ ਬਿਜਲੀਆਂ"

ਦੇ ਨਾਮ ਹੇਠਾਂ, ਜਲਦੀ ਹੀ ਪ੍ਰਕਾਸ਼ਿਤ ਹੋ ਰਿਹਾ ਹੈ।

ਵਿਛੋੜੇ ਦੇ ਦਰਦ ਤੇ ਮਿਲਾਪ ਦੀ ਮਿਠਾਸ ਨੂੰ ਜੇ ਆਪ ਅਨੁਭਵ ਕਰਨਾ ਚਾਹੁੰਦੇ ਹੋ ਤਾਂ

"ਲਿਸ਼ਕਦੀਆਂ ਬਿਜਲੀਆਂ"

ਇਕ ਵੇਰ ਜ਼ਰੂਰ ਪੜ੍ਹਨੀ।

ਪ੍ਰਕਾਸ਼ਕ—

ਬਰਖਾ ਰਾਮ ਅੱਗਰਵਾਲ

ਬੁਕ ਸੇਲਰ ਐਂਡ ਪਬਲਿਸ਼ਰ

ਕੋਟ ਮੁਹੰਮਦ ਸ਼ਾਹ, ਨੰਬਰ ੧ ਅੰਮ੍ਰਿਤਸਰ

ਟੁੱਟਦੇ ਤਾਰੇ

(ਕਵਿਤਾ)

ਅਕਾਸ਼ੀ ਤਾਰੇ ਟੁੱਟਦੇ ਅਸੀਂ ਸਾਰੇ ਤੱਕਦੇ ਹਾਂ, ਵੇਖਦੇ ਵ[illegible] ਮਨਾਂ ਵਿੱਚ ਵਖਰੇ ਵਖਰੇ ਭਾਵ ਉਤਪੰਨ ਹੁੰਦੇ ਹਨ, ਕੁਝ [illegible] ਤੇ ਮਿਟ ਜਾਂਦੇ ਹਨ ਉਵੇਂ ਹੀ।

[illegible] ਕਿਸੇ ਸੁਹਜਾਂ ਭਰੀ ਅੱਖ [illegible] ਤਾਰਾ ਬਨਣਾ ਤੇ ਟੁੱਟ[illegible] ਟੁੱਟ[illegible] ਤ੍ਰਿਭਣਾ, ਕਿਸੇ ਵੀ ਤੱਕਦੀ ਅੱਖ ਨੂੰ ਗਿੱਲਾ ਕੀਤੇ ਬਿ[illegible] ਤੇ ਧੜਕਦੇ ਦਿਲ ਦੀ ਧੜਕਣ ਨੂੰ ਤ੍ਰਿਖੜਾ ਕੀਤੇ ਬਿਨਾਂ ਨਹੀਂ [illegible] ਸਕਦਾ।

ਜਿਨ੍ਹਾਂ ਅਖਾਂ [illegible] ਛੋਟੇ ਤੋਂ [illegible] ਕਿਣਕਾ ਨਹੀਂ ਸਮਾਉ[illegible] ਅਜੇਹੀਆਂ [illegible] ਸਮਾਣਾ [illegible] ਤਾਰਾ......[illegible] ਸੁਹ[illegible] ਤਾਰਾ ...ਬਣਕੇ.

[illegible] ਅਜੇਹਾ ਤਾਰਾ [illegible] ਕਦੇ ਅਜੇਹੀ ਥਾਂ ਤੋਂ!

ਪਰ ਜਦ ਡਿੱਗ ਹੀ ਪਏ ਤਾਂ ਕੇਹੀਆਂ ਅਮਿਟ ਤੇ ਅ[illegible] ਝਰੀਟਾਂ ਪੈਂਦੀਆਂ ਨੇ ਕਿਸੇ ਅਣਭਵੀ ਮਨ ਤੇ, ਕੇਹੀਆਂ ਝਰ[illegible] [illegible]ੜਦੀਆਂ ਨੇ ਲੂੰ ਲੂੰ ਵਿੱਚ, ਇਨ੍ਹਾਂ ਦਾ ਐਨ ਅਕਸ [illegible]ਰੀ ਸ਼ਕਲ[illegible] ਏਸੇ ਹੀ [illegible]ਲਮ ਤੋਂ **"ਟੁੱਟਦੇ ਤਾਰੇ"** ਦੇ ਨਾਮ ਹੇਠਾਂ ਜਲਦ[illegible] ਛਪ ਰਿਹਾ ਹੈ।